# ਸੰਨ 2000 ਦਾ ਪੰਜਾਬੀ ਨਾਟਕ

## ਕਲਾ ਤੇ ਜ਼ਿੰਦਗੀ



18th August 2000

ਗੁਰਸ਼ਰਨ ਸਿੰਘ

ਪਿਛਲੇ ਦਿਨਾਂ ਵਿਚ ਪੰਜਾਬੀ ਨਾਟਕ ਖੇਤਰ 'ਚ ਕੁਝ ਐਸੀਆਂ ਸਰਗਰਮੀਆਂ ਹੋਈਆਂ ਹਨ, ਜਿਨ੍ਹਾਂ ਦਾ ਜ਼ਿਕਰ ਕਰਨਾ ਬਣਦਾ ਹੈ, ਤਾਂ ਜੋ ਸਾਲ 2000 ਦਾ ਨਾਟਕ ਇਤਿਹਾਸ ਸਹੀ ਪਰਿਪੇਖ ਵਿਚ ਦ੍ਰਿਸ਼ਟੀਮਾਨ ਕੀਤਾ ਜਾ ਸਕੇ। ਇਨ੍ਹਾਂ ਸਰਗਰਮੀਆਂ ਵਿਚ ਅੰਮ੍ਰਿਤਸਰ ਵਿਖੇ ਕੇਵਲ ਧਾਲੀਵਾਲ ਦੀ ਸੰਸਥਾ 'ਮੰਚ ਰੰਗਮੰਚ' ਵਲੋਂ ਕੀਤਾ ਨਵ-ਪ੍ਰਯੋਗਵਾਦੀ ਰੰਗਮੰਚ ਉਤਸਵ, ਪੰਜਾਬ ਸੰਗੀਤ ਨਾਟਕ ਅਕੈਡਮੀ ਵਲੋਂ ਇਕ ਪ੍ਰਾਜੈਕਟ ਅਧੀਨ ਤਿਆਰ ਕਰਵਾਇਆ ਨਾਟਕ, 'ਇਕ ਪਿੰਡ ਦੀ ਗਾਥਾ - ਛੱਟਾ ਚਾਨਣੇ ਦਾ ਦੇਈ ਜਾਣਾ', ਪਲਸ ਮੰਚ ਦਾ ਪਹਿਲੀ ਮਈ ਦਾ ਸਾਰੀ ਰਾਤ ਦਾ ਨਾਟਕ ਮੇਲਾ, ਢਪਾਲੀ ਵਿਖੇ ਔਰਤਾਂ ਦਾ ਨਾਟਕ ਮੇਲਾ, ਪੰਜਾਬੀ ਅਕੈਡਮੀ ਦਿੱਲੀ ਦਾ ਪਿਛਲੇ ਚਾਰ ਸਾਲਾਂ ਵਿਚ ਹੋਏ ਨਾਟਕਾਂ ਦੇ ਹੋਏ ਮੁਕਾਬਲਿਆਂ ਦੇ ਜੇਤੂਆਂ ਦਾ ਇਨਾਮ ਵੰਡ ਉਤਸਵ, ਆਉਣ ਵਾਲੇ ਤਿੰਨ ਵੱਡੇ ਨਾਟਕ ਮੇਲਿਆਂ ਦੀ ਤਿਆਰੀ ਦਾ ਆਰੰਭ ਅਤੇ ਅਵਾਮੀ ਜਥੇਬੰਦੀਆਂ ਦੇ ਸੱਦੇ 'ਤੇ ਕੀਤੇ ਅਣਗਿਣਤ ਨਾਟਕ। ਇਹ ਸਰਗਰਮੀਆਂ ਇਕ ਸਿਹਤਮੰਦ ਨਾਟਕ ਲਹਿਰ ਦੀਆਂ ਸੂਚਕ ਹਨ।

ਸੁਖਬੀਰ ਸੰਧੂ ਦੀ ਇਕ ਰਿਪੋਰਟ ਅਨੁਸਾਰ ਨਵੀਂ ਸਦੀ ਦੀ ਆਮਦ 'ਤੇ ਰਚੇ ਗਏ ਅੰਮ੍ਰਿਤਸਰ ਵਿਖੇ ਨਵ-ਪ੍ਰਯੋਗਵਾਦੀ ਰੰਗਮੰਚ ਉਤਸਵ ਨੇ ਕਲਾ ਦੀਆਂ ਬੁਲੰਦੀਆਂ ਨੂੰ ਛੂਹਿਆ ਹੈ। ਚਾਰ ਹਫਤਿਆਂ ਤੀਕ ਚਲੇ ਇਸ ਨਵ-ਪ੍ਰਯੋਗਵਾਦੀ ਰੰਗਮੰਚ ਉਤਸਵ ਦੌਰਾਨ ਮੰਚ ਰੰਗਮੰਚ ਅੰਮ੍ਰਿਤਸਰ ਵਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਚਾਰ ਨਵੇਂ ਨਾਟਕ ਖੇਡੇ ਗਏ। ਸਭ ਤੋਂ ਪਹਿਲਾ ਨਾਟਕ 'ਤਲਾਕ ਉਰਫ ਇਕ ਸੀ ਲੂਣ ਦੀ ਗੁੱਡੀ' ਬਹੁਤ ਹੀ ਪ੍ਰਭਾਵਸ਼ਾਲੀ ਸੀ। ਤਾਮਿਲ ਨਾਟਕਕਾਰ ਐਲਨ ਗਨੋਵ ਵਲੋਂ ਲਿਖੀ ਇਕ ਸੱਚੀ ਘਟਨਾ 'ਤੇ ਆਧਾਰਤ ਨਾਟਕ ਵਿਚ ਔਰਤਾਂ ਦੇ ਹੱਕ ਦੀ ਗੱਲ ਕਰਦੇ ਹੋਏ ਡਾ. ਨੀਤਾ ਮਹਿੰਦਰਾ ਨੇ ਕਮਾਲ ਦੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਨਾਟਕ ਦੇ ਸੈੱਟ, ਲਾਈਟਾਂ ਅਤੇ ਨਾਟਕ 'ਚ ਪੇਸ਼ ਰੰਗਮੰਚ ਜੁਗਤਾਂ ਨੂੰ ਕੇਵਲ ਧਾਲੀਵਾਲ ਨੇ ਨਵੇਂ ਅਰਥ ਦਿੱਤੇ। ਮੁਸਲਿਮ ਸ਼ਰੀਅਤ ਕਾਨੂੰਨ ਦੇ ਨਾਲ ਮੁਸਲਮਾਨ ਆਦਮੀ ਕਿਸ ਤਰ੍ਹਾਂ ਖਿਲਵਾੜ ਕਰ ਸਕਦਾ ਹੈ ਅਤੇ ਔਰਤ ਨੂੰ ਉਸ ਕਾਨੂੰਨ ਦੀ ਆੜ ਵਿਚ ਕਿਸ ਤਰ੍ਹਾਂ ਬਲੈਕਮੇਲ ਕਰਦਾ ਹੈ, ਇਹ ਮੌਜੂਦਾ ਲੋਕਾਂ ਨੂੰ ਨਾ ਸਿਰਫ ਸੋਚਣ ਲਈ ਵੀ ਮਜਬੂਰ ਕਰਦਾ ਹੈ, ਬਲਕਿ ਇਹ ਵੀ ਸੋਚਣ ਲਈ ਮਜਬੂਰ ਕਰਦਾ ਹੈ ਕਿ ਔਰਤ ਨੇ ਆਪਣੀ ਜੰਗ ਕਿਸ ਤਰ੍ਹਾਂ ਲੜਨੀ ਹੈ।

ਰੰਗਮੰਚ ਉਤਸਵ ਦੇ ਦੂਸਰੇ ਪੜਾਅ 'ਤੇ ਇਕ ਨਵਾਂ ਤਜਰਬਾ ਵੇਖਣ ਨੂੰ ਮਿਲਦਾ ਹੈ, ਜਦੋਂ ਦੋ ਨਾਟਕਾਂ ਨੂੰ ਇਕ ਨਾਟਕ ਦੇ ਰੂਪ 'ਚ ਮੰਚ 'ਤੇ ਸਫਲਤਾ ਸਹਿਤ ਪੇਸ਼ ਕੀਤਾ ਜਾਂਦਾ ਹੈ। ਡਾ. ਸਤੀਸ਼ ਵਰਮਾ ਦੁਆਰਾ ਰਚਿਤ ਨਾਟਕ 'ਦਾਇਰੇ' ਅਤੇ ਪਾਲੀ ਭੁਪਿੰਦਰ ਰਚਿਤ 'ਸਿਰਜਣਾ' ਨੂੰ 'ਦਾਇਰੇ ਤੇ ਸਿਰਜਣਾ' ਦੇ ਰੂਪ 'ਚ ਪੇਸ਼ ਕੀਤਾ ਗਿਆ। ਆਧੁਨਿਕ ਯੁੱਗ ਵਿਚ ਮੁੰਡੇ-ਕੁੜੀ ਦੇ ਟੈਸਟ ਅਤੇ ਔਰਤ ਵਲੋਂ ਸਿਰਜਣਾ ਦੀ ਕਹਾਣੀ ਨੂੰ ਅਨੀਤਾ ਦੇਵਗਨ, ਸੁਖੀ ਪਵਾਰ, ਪਵੇਲ ਸੰਧੂ, ਸੁਖਵਿੰਦਰ ਵਿਰਕ, ਕਮਲੇਸ਼ ਨੰਦਾ, ਸਰਬਜੀਤ ਲਾਡਾ ਅਤੇ ਰਾਜਿੰਦਰ ਨਾਗੀ ਨੇ ਖੂਬਸੂਰਤ ਅਦਾਕਾਰੀ ਨਾਲ ਨਵੇਂ ਅਰਥ ਦਿੱਤੇ।

ਪ੍ਰਯੋਗਵਾਦੀ ਰੰਗਮੰਚ ਉਤਸਵ ਦੇ ਤੀਸਰੇ ਪੜਾਅ 'ਤੇ ਇਕ ਹੋਰ ਕਮਾਲ ਦੀ ਪੇਸ਼ਕਾਰੀ ਵੇਖਣ ਨੂੰ ਮਿਲੀ। ਉਹ ਹੈ ਬਲਦੇਵ ਸਿੰਘ ਰਚਿਤ 'ਸੜਕਨਾਮਾ'। ਪਹਿਲੀ ਵਾਰ ਹਿੰਦੁਸਤਾਨੀ ਰੰਗਮੰਚ ਉਤੇ ਇਕ ਡਰਾਈਵਰ ਦੇ ਦੁੱਖਾਂ ਦਰਦਾਂ ਦੀ ਗੱਲ ਕਰਦਾ ਨਾਟਕ ਪੇਸ਼ ਕੀਤਾ ਗਿਆ। ਨਾਟਕ ਵਿਚ ਡਰਾਈਵਰਾਂ ਦੀ ਜ਼ਿੰਦਗੀ ਨੂੰ ਰੰਗਕਰਮੀ ਹਰਦੀਪ ਗਿੱਲ ਨੇ ਪੂਰੀ ਤਰ੍ਹਾਂ ਜੀਵਿਆ। 'ਸੜਕਨਾਮਾ' ਦੀ ਪੇਸ਼ਕਾਰੀ ਇੰਨੀ ਪ੍ਰਭਾਵਸ਼ਾਲੀ ਸੀ ਕਿ ਉਸ ਨੂੰ ਵੇਖਦਿਆਂ ਇੰਜ ਲਗਦਾ ਸੀ ਕਿ ਹਰ ਸੜਕ ਕਿਸੇ ਨਾ ਕਿਸੇ ਇਨਸਾਨੀ ਰੂਪ 'ਚ ਬਦਲ ਗਈ ਹੋਵੇ।

ਸਿਆਸਤਦਾਨਾਂ ਦੇ ਚਿਹਰੇ ਤੋਂ ਨਕਾਬ ਉਤਾਰਦਾ ਨਾਟਕ 'ਵਿਚ ਅਦਾਲਤ ਦੇ' ਰੰਗਮੰਚ ਉਤਸਵ ਦੇ ਚੌਥੇ ਪੜਾਅ 'ਤੇ ਪੇਸ਼ ਕੀਤਾ ਗਿਆ। ਇਹ ਮਰ ਚੁੱਕੇ ਮੰਤਰੀ ਜਗਦੀਸ਼ ਪਰਵਾਨਾ ਦੀ ਪਤਨੀ ਦਾ ਅਦਾਲਤ ਵਿਚ ਇਕ ਬਿਆਨ ਹੈ। ਇਹ ਨਾਟਕ ਕਿ ਉਸ ਔਰਤ ਨੇ ਕਿਸ ਤਰ੍ਹਾਂ ਦੇ ਇਨਸਾਨ ਨੂੰ ਪਿਆਰ ਕੀਤਾ ਤੇ ਵਿਆਹ ਕੀਤਾ ਪਰ ਮੰਤਰੀ ਬਣਨ ਤੋਂ ਬਾਅਦ ਉਹ ਕਿਸ ਤਰ੍ਹਾਂ ਭ੍ਰਿਸ਼ਟ ਸਿਆਸਤਦਾਨ ਬਣ ਗਿਆ ਤੇ ਉਸ ਦੀ ਮੌਤ ਵੀ ਇਕ ਰਾਜਨੀਤਕ ਦਲਾਲ ਦੇ ਰਾਹੀਂ ਕਿਵੇਂ ਹੋਈ। ਹੁਣ ਉਸ ਮੰਤਰੀ ਦੀ ਪਤਨੀ ਆਪਣੇ ਨਾਂ ਨਿਸ਼ਾ ਪਰਵਾਨਾ ਨਾਲੋਂ ਆਪਣੇ ਭ੍ਰਿਸ਼ਟ ਪਤੀ ਦਾ ਜੁੜਿਆ ਨਾਂ ਪਰਵਾਨਾ ਹਟਾਉਣਾ ਚਾਹੁੰਦੀ ਹੈ। ਨਾਗ ਬੋਡਸ ਵਲੋਂ ਲਿਖੇ ਇਸ ਨਵੇਂ ਨਾਟਕ ਨੂੰ ਅਨੀਤਾ ਦੇਵਗਨ ਨੇ ਬਹੁਤ ਖੂਬਸੂਰਤ ਅਦਾਕਾਰੀ ਰਾਹੀਂ ਪੇਸ਼ ਕੀਤਾ। ਇਨ੍ਹਾਂ ਸਾਰੇ ਨਾਟਕਾਂ ਦਾ ਸੰਗੀਤ ਪਵਨਦੀਪ ਨੇ ਬਹੁਤ ਵਧੀਆ ਤਿਆਰ ਕੀਤਾ।

ਇਸ ਦੌਰਾਨ ਦੂਜੀ ਜ਼ਿਕਰਯੋਗ ਨਾਟਕ ਸਰਗਰਮੀ ਪੰਜਾਬ ਸੰਗੀਤ ਨਾਟਕ ਅਕੈਡਮੀ ਵਲੋਂ ਤਿਆਰ ਕਰਵਾਇਆ ਮੇਰਾ ਆਪਣਾ ਨਾਟਕ 'ਗਾਥਾ ਇਕ ਪਿੰਡ ਦੀ - ਛੱਟਾ ਚਾਨਣੇ ਦਾ ਦੇਈ ਜਾਣਾ' ਹੈ। ਪੰਜਾਬ ਸੰਗੀਤ ਨਾਟਕ ਅਕੈਡਮੀ ਦੀ ਇਕ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਕਿ ਅਕੈਡਮੀ ਦੀ ਦੇਖ-ਰੇਖ ਅਤੇ ਅਕੈਡਮੀ ਦੇ ਸਹਿਯੋਗ ਨਾਲ ਵੱਖ ਵੱਖ ਡਾਇਰੈਕਟਰਾਂ ਵਲੋਂ ਨਾਟਕ ਤਿਆਰ ਕਰਵਾਏ ਜਾਣ ਤੇ ਫੇਰ ਉਨ੍ਹਾਂ ਨੂੰ ਪੰਜਾਬ ਦੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਲਿਜਾਇਆ ਜਾਵੇ। ਅਕੈਡਮੀ ਦੀਆਂ ਵਿੱਤੀ ਮੁਸ਼ਕਲਾਂ ਨੂੰ ਵੇਖਦੇ ਹੋਏ, ਇਹ ਪੇਸ਼ਕਸ਼ ਮੈਂ ਕੀਤੀ ਕਿ ਪਹਿਲਾ ਨਾਟਕ ਮੈਂ ਆਪਣੇ ਸਾਧਨਾਂ ਨੂੰ ਹੀ ਵਰਤਦੇ ਹੋਏ ਆਪ ਹੀ ਤਿਆਰ ਕਰਵਾਵਾਂਗਾ। ਇਸ ਨਾਟਕ ਦੀ ਪਹਿਲੀ ਰਿਹਰਸਲ ਪੇਸ਼ਕਾਰੀ 8 ਅਗਸਤ, 2000, ਪੰਜਾਬ ਕਲਾ ਭਵਨ ਦੇ ਅੰਦਰਲੇ ਛੋਟੇ ਹਾਲ ਵਿਚ ਕੀਤੀ ਗਈ। ਇਹ ਇਕ ਪਿੰਡ ਦੇ ਨੌਜਵਾਨ ਮੁੰਡੇ-ਕੁੜੀਆਂ ਦੀ ਕਹਾਣੀ ਹੈ, ਜੋ ਆਪਣੀ ਪਹਿਲਕਦਮੀ ਨਾਲ ਪਿੰਡ ਦੀ ਨੁਹਾਰ ਬਦਲਣ ਦਾ ਉਪਰਾਲਾ ਕਰਦੇ ਹਨ। 18 ਕਲਾਕਾਰਾਂ ਨੇ ਇਸ ਵਿਚ ਭਾਗ ਲਿਆ। ਇਸ ਨਾਟਕ ਵਿਚ ਸੁਰਿੰਦਰ ਗਿੱਲ ਦੇ ਪ੍ਰਸਿੱਧ ਗੀਤ 'ਛੱਟਾ ਚਾਨਣੇ ਦਾ ਦੇਈ ਜਾਣਾ' ਨੂੰ ਇਕ ਪ੍ਰੇਰਨਾ ਗੀਤ ਦੇ ਤੌਰ 'ਤੇ ਨਾਟਕ ਵਿਚ ਸਮੋਇਆ ਗਿਆ ਹੈ। ਇਸੇ ਤਰ੍ਹਾਂ ਮਰਹੂਮ ਜੋਗਿੰਦਰ ਬਾਹਰਲਾ ਦੀ ਅਮਰ ਰਚਨਾ 'ਹਾੜੀਆਂ ਸੌਣੀਆਂ' ਨੂੰ ਨਾਟਕ ਦਾ ਇਕ ਜ਼ਰੂਰੀ ਅੰਗ ਬਣਾਇਆ ਗਿਆ ਹੈ। ਚਰਨ ਸਿੰਘ ਸਿੰਧਰਾ ਨੇ ਇਸ ਨਾਟਕ ਨੂੰ ਸੰਗੀਤ ਦਿੱਤਾ ਹੈ ਅਤੇ ਇਕ ਉਭਰ ਰਹੇ ਕਲਾਕਾਰ ਕ੍ਰਿਸ਼ਨ ਰਾਹੀ ਨੇ ਇਸ ਸੰਗੀਤ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕੀਤੀ ਹੈ। ਚੰਡੀਗੜ੍ਹ ਪ੍ਰੈਸ ਨੇ ਇਸ ਨਾਟਕ ਬਾਰੇ ਇਕ 'ਮਕਬੂਲ ਅਤੇ ਸਫਲ ਪੇਸ਼ਕਾਰੀ' ਦੀ ਟਿੱਪਣੀ ਕੀਤੀ ਹੈ। ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਸ ਨਾਟਕ ਦੀਆਂ ਪੇਸ਼ਕਾਰੀਆਂ ਪੰਜਾਬੀ ਨਾਟਕ ਨੂੰ ਲੋਕਾਂ ਵਿਚ ਮਕਬੂਲ ਕਰਨ ਦੇ ਅਮਲ ਵਿਚ ਜ਼ਰੂਰੀ ਯੋਗਦਾਨ ਪਾਉਣਗੀਆਂ।

ਨਾਟਕ ਸਰਗਰਮੀਆਂ ਵਿਚ ਆਉਣ ਵਾਲੇ ਨਾਟਕ ਉਤਸਵਾਂ ਦੀ ਤਿਆਰੀ ਸ਼ਾਮਲ ਹੈ। 16, 17, 18 ਸਤੰਬਰ ਨੂੰ ਫਰੀਦਕੋਟ ਵਿਚ ਬਾਬਾ ਫਰੀਦ ਰਾਸ਼ਟਰੀ ਨਾਟਕ ਮੇਲਾ ਹੋ ਰਿਹਾ ਹੈ। ਇਸ ਵਿਚ ਮੁਕਾਬਲੇ ਦੇ ਨਾਟਕ ਵੀ ਪੇਸ਼ ਹੋਣਗੇ ਤੇ ਮਹਿਮਾਨ ਨਾਟਕਕਾਰਾਂ ਦੇ ਨਾਟਕ ਵੀ। ਪਿਛਲੇ ਤਿੰਨ ਸਾਲਾਂ ਤੋਂ ਇਹ ਨਾਟਕ ਮੇਲਾ ਵੱਡੀ ਪੱਧਰ 'ਤੇ ਹੋ ਰਿਹਾ ਹੈ। ਪੰਜਾਬ ਭਰ ਦੇ ਸ਼ੌਕੀਆ ਨਾਟਕ ਗਰੁੱਪ ਇਸ ਵਿਚ ਹਿੱਸਾ ਲੈਂਦੇ ਹਨ। ਪਹਿਲਾ, ਦੂਸਰਾ ਅਤੇ ਤੀਸਰਾ ਇਨਾਮ ਕ੍ਰਮਵਾਰ 10,000/- , 5,000/- ਅਤੇ 2,000/- ਦਾ ਹੈ।

ਦੂਜਾ ਵੱਡਾ ਉਤਸਵ ਪੰਜਾਬ ਅਕੈਡਮੀ ਦਿੱਲੀ ਦਾ ਨਾਟਕ ਮੇਲਾ ਹੈ। ਉਹ ਚੰਗੇ ਨਾਟਕਾਂ ਦੀਆਂ ਸਕਰਿਪਟਾਂ ਮੰਗਵਾਉਂਦੇ ਹਨ ਤੇ ਫੇਰ ਉਨ੍ਹਾਂ ਵਿਚੋਂ ਚੋਣਵੇਂ ਨਾਟਕਾਂ ਨੂੰ ਕੰਪੀਟੀਸ਼ਨ ਵਿਚ ਕਰਵਾਉਂਦੇ ਹਨ। ਪੇਸ਼ਕਾਰੀ ਲਈ ਉਹ ਫੰਡ ਦੀ ਸਹਾਇਤਾ ਵੀ ਕਰਦੇ ਹਨ। ਪੰਜਾਬ ਦੀਆਂ ਪ੍ਰਮੁੱਖ ਨਾਟਕ ਟੀਮਾਂ ਇਸ ਮੇਲੇ ਵਿਚ ਹਿੱਸਾ ਲੈਂਦੀਆਂ ਹਨ।

ਇਕ ਹੋਰ ਵੱਡਾ ਉਤਸਵ, ਜਿਸ ਦੀਆਂ ਤਿਆਰੀਆਂ ਹੁਣ ਤੋਂ ਆਰੰਭੀਆਂ ਗਈਆਂ ਹਨ, ਉਹ ਗਦਰੀ ਬਾਬਿਆਂ ਦਾ ਜਲੰਧਰ ਵਿਚ ਪਹਿਲੀ ਨਵੰਬਰ ਦਾ ਸਾਰੀ ਰਾਤ ਦਾ ਨਾਟਕ ਮੇਲਾ ਹੈ। ਇਸ ਨਾਟਕ ਮੇਲੇ ਵਿਚ ਵੀ ਪੰਜਾਬ ਦੀਆਂ ਸਾਰੀਆਂ ਪ੍ਰਮੁੱਖ ਨਾਟਕ ਟੀਮਾਂ ਹਿੱਸਾ ਲੈਣਗੀਆਂ। ਅਜਮੇਰ ਔਲਖ, ਡਾ. ਦੇਵਿੰਦਰ ਕੁਮਾਰ, ਡਾ. ਸਾਹਿਬ ਸਿੰਘ, ਹੰਸਾ ਸਿੰਘ, ਸੁਮਨ ਦੱਤਾ, ਕੇਵਲ ਧਾਲੀਵਾਲ ਅਤੇ ਮੈਂ ਆਪ ਆਪਣੀ ਟੀਮ ਨਾਲ ਇਸ ਨਾਟਕ ਉਤਸਵ 'ਤੇ ਆਪਣੇ ਨਾਟਕ ਪੇਸ਼ ਕਰਨ ਨੂੰ ਆਪਣਾ ਮਾਣ ਸਮਝਾਂਗੇ।

ਇਸ ਵੇਲੇ ਪੰਜਾਬੀ ਨਾਟਕ ਅਵਾਮੀ ਜਥੇਬੰਦੀਆਂ ਦੀਆਂ ਕਾਨਫਰੰਸਾਂ ਅਤੇ ਸਮਾਗਮਾਂ ਵਿਚ ਵੱਡੀ ਗਿਣਤੀ ਵਿਚ ਹੋ ਰਿਹਾ ਹੈ। ਇਸ ਸਰਗਰਮੀ ਵਿਚ ਮੇਰੀ ਆਪਣੀ ਟੀਮ, ਮੁੱਲਾਂਪੁਰ ਦੀ ਟੀਮ, ਬਿਆਸ ਦੀ ਟੀਮ, ਰਾਏਕੋਟ ਅਤੇ ਬਰਨਾਲਾ ਦੀਆਂ ਟੀਮਾਂ ਸ਼ਾਮਲ ਹਨ। ਉਪਰਲੀਆਂ ਜ਼ਿਕਰ ਕੀਤੀਆਂ ਇਹ ਸਾਰੀਆਂ ਸਰਗਰਮੀਆਂ ਪੰਜਾਬੀ ਨਾਟਕ ਦੇ ਉਜਲੇ ਭਵਿੱਖ ਦੀਆਂ ਜ਼ਾਮਨੀ ਹਨ।